ALL STAR DRIVING SCHOOL
$10.00 ਪੰਜਾਬੀ ਗਾਈਡ ਇਥੇ ਮਿਲਦੀ ਹੈ
ਬੀਬੀਆਂ ਅਤੇ ਭੈਣਾਂ ਲਈ ਲੇਡੀ ਇੰਸਟਰਕਟਰ
KNOWLEDGE & DRIVING TESTS DONE HERE
24620 MILITARY RD S, KENT, WA 98032
Ph: 253-852-1996
WA STATE APPROVED SINCE 2004 www.allstardrivingschool.info

KALER TAX AND ACCOUNT LLC
Harjinder S. Kaler 206.551.6666
Personal And Business Tax Filling, 1099, W2 Immigration, Passport, Visa And Petition, Business Start, Obama Health Care Broker And All Other Applications Services
10618 SE 240 ST, SUITE 204, KENT, WA 98031 kalertax@gmail.com

ACCURATE ACCOUNTS AND TAXES
Contact For Business Accounting
Payroll
Tax Filling
Book Keeping
Other Paper Work
Immigration Consultancy
New Business Setup
Services
MOHINDER S. SOHAL
Cell: 206-841-1431
Buss: 253-520-8886
Email:mssohal@yahoo.com

ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫਤਾਵਾਰੀ ਅਖ਼ਬਾਰ

# ਪੰਜਾਬ ਗਾਰਡੀਅਨ
# PUNJAB GUARDIAN

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ

B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
USA Greater Seattle, Everett, Marysville Portland, Bellingham, Belivue, Lyndon, Lynwood
sales@punjabguardian.com www.punjabguardian.com
Tel: 604-590-5200 Fax:604-596-5700 Toll Free: 1-877-584-5200 Vol. 32, Issue No. 27, Ending Date:Jul 04, 2025

RESIDENTIAL & COMMERCIAL REAL ESTATE EXPERT
ਸਿਆਟਲ ਏਰੀਏ ਵਿੱਚ ਕਿਸੇ ਵੀ ਤਰਾਂ ਦਾ ਘਰ ਜਾਂ ਕਾਰੋਬਾਰ ਖਰੀਦਣ ਅਤੇ ਵੇਚਣ ਲਈ ਇਮਾਨਦਾਰ ਸੇਵਾਵਾਂ ਲੈਣ ਲਈ ਅੱਜ ਹੀ ਸੰਪਰਕ ਕਰੋ
253-604-8414
SANDEEP SINGH MANN
Realtor MLS, CBA.

Real Estate in Seattle Area
ਸਿਆਟਲ ਏਰੀਏ 'ਚ ਘਰ ਅਤੇ ਬਿਜ਼ਨਸ ਲੈਣ ਲਈ ਅੱਜ ਹੀ ਸੰਪਰਕ ਕਰੋ
Residential & Commercial
• Multifamily Units & Apartments
• Notary Service
For Honest, Friendly & Best Service, Call
Sarbjit Singh Saab
Realtor (MLS, CBA)
Ph: 206.255.0101
ਅਸੀਂ ਵਧੀਆ Interest Rate ਅਤੇ ਘੱਟ ਤੋਂ ਘੱਟ Closing Cost ਦੀ ਗਰੰਟੀ ਦਿੰਦੇ ਹਾਂ।

# 23 ਜੂਨ 1985:ਏਅਰ ਇੰਡੀਆ ਬੰਬ ਧਮਾਕੇ ਦੇ 40 ਸਾਲ ਬੀਤਣ ਬਾਅਦ ਵੀ ਸੱਚ ਸਾਹਮਣੇ ਕਿਉਂ ਨਹੀਂ ਆਇਆ?

*ਡਾ. ਗੁਰਵਿੰਦਰ ਸਿੰਘ

23 ਜੂਨ 2025 ਦੇ ਦਿਨ, ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ 40 ਸਾਲ ਪਹਿਲਾਂ ਕੈਨੇਡਾ ਨੇ ਆਪਣੇ ਇਤਿਹਾਸ ਦੇ ਸਭ ਤੋਂ ਘਾਤਕ ਅੱਤਵਾਦੀ ਹਮਲੇ ਦਾ ਸਾਹਮਣਾ ਕੀਤਾ ਸੀ। ਉਨ੍ਹਾਂ ਕਿਹਾ, "ਅਸੀਂ ਏਅਰ ਇੰਡੀਆ ਬੰਬ ਧਮਾਕੇ ਦੇ 268 ਕੈਨੇਡੀਅਨ ਪੀੜਤਾਂ ਅਤੇ ਅੱਤਵਾਦ ਦੀਆਂ ਕਾਰਵਾਈਆਂ ਵਿਚ ਮਾਰੇ ਗਏ ਸਾਰੇ ਲੋਕਾਂ ਲਈ ਸੋਗ ਮਨਾਉਂਦੇ ਹਾਂ। ਇਹ ਹਿੰਸਕ ਕੱਟੜਵਾਦ ਨਾਲ ਲੜਨ ਅਤੇ ਕੈਨੇਡੀਅਨਾਂ ਨੂੰ ਸੁਰੱਖਿਅਤ ਰੱਖਣ ਦੀ ਸਾਡੀ ਵਚਨਬੱਧਤਾ ਦੀ ਇਕ ਗੰਭੀਰ ਯਾਦ ਦਿਵਾਉਂਦਾ ਹੈ।" 40 ਸਾਲ ਪਹਿਲਾਂ, 23 ਜੂਨ 1985 ਦੇ ਦਿਨ, ਮੌਂਟਰੀਅਲ-ਨਵੀਂ ਦਿੱਲੀ ਜਾ ਰਹੀ ਏਅਰ ਇੰਡੀਆ ਕਨਿਸ਼ਕ ਉਡਾਣ 182 ਵਿੱਚ ਬਰਤਾਨੀਆ ਦੇ ਹੀਥਰੋ ਹਵਾਈ ਅੱਡੇ 'ਤੇ ਉਤਰਨ ਤੋਂ 45 ਮਿੰਟ ਪਹਿਲਾਂ



ਬੰਬ ਧਮਾਕਾ ਹੋਇਆ ਸੀ, ਜਿਸ 'ਚ ਜਹਾਜ਼ ਵਿੱਚ ਸਵਾਰ ਸਾਰੇ 329 ਵਿਅਕਤੀ ਮਾਰੇ ਗਏ ਸਨ। ਇਨ੍ਹਾਂ 'ਚ ਘੱਟੋ-ਘੱਟ 268 ਕੈਨੇਡੀਅਨ ਨਾਗਰਿਕ ਸਨ, ਜਿਨ੍ਹਾਂ 'ਚੋਂ ਵਧੇਰੇ ਭਾਰਤੀ ਮੂਲ ਦੇ ਸਨ। ਕੈਨੇਡਾ ਦੇ ਇਤਿਹਾਸ ਦਾ ਸਭ ਤੋਂ ਦਰਦਨਾਕ ਦਹਿਸ਼ਤਗਰਦੀ ਹਮਲਾ, ਏਅਰ ਇੰਡੀਆ ਜਹਾਜ਼ ਨੂੰ ਬੰਬ ਨਾਲ ਉਡਾਉਣ ਦਾ ਮੰਦਭਾਗਾ ਕਾਰਾ ਸੀ। ਦੁਖਦਾਇਕ ਗੱਲ ਇਹ ਹੈ ਕਿ 40 ਸਾਲ ਬੀਤਣ ਦੇ ਬਾਵਜੂਦ ਨਾ ਤਾਂ ਭਾਰਤ ਨੇ ਕਦੇ ਏਅਰ ਇੰਡੀਆ ਬੰਬ ਧਮਾਕੇ ਦੇ ਦੁਖਾਂਤ ਦੀ ਮੁਕੰਮਲ ਜਾਂਚ ਦਾ ਜ਼ੋਰ ਪਾਇਆ ਹੈ ਅਤੇ ਨਾ (ਬਾਕੀ ਸਫਾ ਏ-30 ਤੇ)

## ਬੀਸੀ ਟਾਈਗਰਜ ਵੱਲੋਂ ਸਲਾਨਾ ਸੌਕਰ ਟੂਰਨਾਮੈਂਟ 27-28-29 ਜੂਨ ਨੂੰ

### ਮੈਨੀਟੋਬਾ, ਅਲਬਰਟਾ, ਉਨਟਾਰੀਓ ਅਤੇ ਕੈਲੀਫੋਰਨੀਆ ਤੋਂ 215 ਦੇ ਕਰੀਬ ਟੀਮਾਂ ਕਰਨਗੀਆਂ ਸ਼ਿਰਕਤ

ਵੈਨਕੂਵਰ(ਮਲਕੀਤ ਸਿੰਘ):ਬੀਸੀ ਟਾਈਗਰਜ ਵੱਲੋਂ ਹਰ ਸਾਲ ਦੀ ਤਰ੍ਹਾਂ 13ਵਾਂ ਮੀਰੀ ਪੀਰੀ ਸ਼ੋਕਰ ਟੂਰਨਾਮੈਂਟ ਇਸ ਵਾਰ 27 28 ਅਤੇ 29 ਜੂਨ ਨੂੰ ਸਰੀ ਦੀ 128 ਸਟਰੀਟ ਤੇ ਸਥਿਤ ਐਥੇਲੈਟਿਕਸ ਪਾਰਕ ਚ ਕਰਵਾਇਆ ਜਾ ਰਿਹਾ ਹੈ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਅਜਿੰਦਰਪਾਲ ਸਿੰਘ ਨੀਟੂ ਨੇ ਦੱਸਿਆ ਕਿ ਇਸ ਸਲਾਨਾ ਟੂਰਨਾਮੈਂਟ ਚ ਭਾਗ ਲੈਣ ਵਾਲੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਇਸ ਪ੍ਰਤੀ ਭਰਵਾਂ ਉਤਸ਼ਾਹ ਵੇਖਿਆ ਜਾ ਰਿਹਾ ਅਤੇ ਇਸ ਸਬੰਧੀ ਵੱਡੀ ਪੱਧਰ ਤੇ ਕੀਤੇ ਜਾ ਰਹੇ ਪ੍ਰਬੰਧਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਇਸ ਟੂਰਨਾਮੈਂਟ ਦਾ ਉਦਘਾਟਨ 27 ਜੁਲਾਈ ਨੂੰ ਸ਼ਾਮੀ 5 ਵਜੇ ਧੂਮ ਧਾਮ ਨਾਲ ਕੀਤਾ ਜਾਵੇਗਾ ਅਤੇ ਫਾਈਨਲ ਮੁਕਾਬਲੇ 29 ਜੂਨ ਨੂੰ ਹੋਣਗੇ ਅਤੇ 29 ਜੂਨ ਨੂੰ ਸ਼ਾਮ 6 30 ਵਜੇ ਆਯੋਜਿਤ ਕੀਤੇ ਜਾਣ ਵਾਲੇ ਇਨਾਮ ਵੰਡ ਸਮਾਰੋਹ ਦੌਰਾਨ ਰੰਗਾ ਰੰਗ ਪ੍ਰੋਗਰਾਮ ਚ ਭੰਗੜਾ ਵੀ ਪੇਸ਼ ਕੀਤਾ ਜਾਵੇਗਾ।

## ਸਿਆਟਲ ਵਿਚ ਬੱਚਿਆਂ ਦਾ ਸਲਾਨਾ ਸਪੋਰਟਸ ਕੈਂਪ 5 ਜੁਲਾਈ ਤੋਂ ਸ਼ੁਰੂ

(ਇਸ਼ਤਿਹਾਰ ਸਫਾ ਏ-10 ਤੇ ਪੜ੍ਹੋ)

HOME TRUST FINANCIAL
ਤੁਸੀਂ ਘਰ ਖਰੀਦ, ਵੇਚ, ਰੀਫਾਇਨੈਂਸ ਜਾਂ ਆਪਣੇ ਸੁਪਨਿਆਂ ਦਾ ਨਵਾਂ ਘਰ ਬਣਾ ਰਹੇ ਹੋ ਤਾਂ ਅਸੀਂ ਲੋਨ ਜਾਂ ਮੌਰਗੇਜ ਲੈਣ ਲਈ ਭਰੋਸੇਯੋਗ ਸੇਵਾਵਾਂ ਦਿੰਦੇ ਹਾਂ
HOME TRUST
Cell:206-391-2630
Email:harmandeep.grover@hometrustloans.com
Web:www.hometrustloans.com
#215-3rd Ave, Kirkland, WA 98033
Harmandeep Grover Mortgage Loan Originator

John L. Scott REAL ESTATE
Kamaljit Singh
Real Estate Broker
* Residential * Commercial
* Bank Owned / Foreclosed
* Short Sale / Pre-Foreclosure
206-802-5699
ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਸ਼ੀਅਲ/ਕਮਰਸ਼ੀਅਲ ਪ੍ਰਾਪਰਟੀ ਖਰੀਦਣ ਅਤੇ ਵੇਚਣ ਲਈ ਫੋਨ ਕਰੋ
Email:ksingh@johnlscott.com www.ksingh.johnlscott.com
Kent North Office:20829-72nd Ave S, Ste800 Kent, WA 98032

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆ ਤੇ ਭਰੋਸੇਮੰਦ
USA TRAVEL
24 Hr Emergency Call 206-992-2724
23609 104th Ave SE #103, Kent
Ph: 253-867-0450, 253-867-0451
1729 208th St Suite #202, Bothell
Ph: 425-420-1888 , 425-420-1889

ਖੁਸ਼ਖਬਰੀ! ਖੁਸ਼ਖਬਰੀ! ਖੁਸ਼ਖਬਰੀ!
ਅੱਜ ਹੀ ਇਕ ਵਾਰ ਫੋਨ ਕਰੋ ਤੇ ਸਾਰੀ ਜਾਣਕਾਰੀ ਲਓ
ਤੁਹਾਡਾ ਘਰ ਲੈਣ ਦਾ ਜਾਂ ਬਿਜਨੈੱਸ ਲੈਣ ਦਾ ਸੁਪਨਾ ਅਸੀਂ ਪੂਰਾ ਕਰਾਂਗੇ
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ :
Berkshire Hathaway HOME SERVICES
Cell:206-446-9366
Office:253-854-9400
Northwest Real Estate
25230 104th Ave. S.E. Kent, WA 98030
eFax : 253-480-3448
Gagan@BHHSNWRE.com
GaganDeep.BGGSNWRE.com
ਗਗਨ ਚੌਹਾਨ

REAL ESTATE
ਕਿਸੇ ਵੀ ਤਰਾਂ ਦੀ ਰੈਜ਼ੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
For Residential/Commercial
• Short Sale • Foreclosed • Bank owned
• Hotels/Motels • Gas Stations • Vacant Lands
Sakater Singh Sandhu
MCNE, CBA, MLS
Master Certified Negotiation Expert - top 1%
Cell: 206-766-0551
BERKSHIRE HATHAWAY HomeServices
email: sakatersingh@yahoo.com

WEST CAPITAL LENDING
YOUR PREFFERRED LOCAL LENDER
• ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
• ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
• ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ
Call/text (425) 239-4577
ksharma@westcapitallending.com
westcapitallending.com
24 Executive Park, Ste 250 Irvine, CA 92614
KESHAV SHARMA

Over 30 Years of Industry Experience
MULTANI LAW GROUP
ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ
Jashan Multani 206-243-4219
Gerald F. Robison Senior Attorney
Jashan Multani Associate Partner
Services we provide:
-Immigration/Political Asylum
U-Visa, Vawa
-SIJ Guardianship Cases
- Personal Injury/Car Accidents
- Evictions
ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ
-ਇਮੀਗਰੇਸ਼ਨ/ਪੁਲਿਟੀਕਲ ਅਸਾਈਲਮ, ਯੂ-ਵੀਜ਼ਾ, ਵਾਵਾ
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ
Website:multanilawgroup.com
Email:Jashan@multanilawgroup.com
Add: 512 West Meeker St, Kent, WA 98032

FOREVER ROOFING
Licensed,Bonded & Insured
(FOREVRH874MJ)
PAWANDEEP JOSAN
Marketing Manager
Free Estimate
2062613683
Check us on
Forever Roofing
Web:Foreverroofing.net
Email:info@foreverroofing.net

Good's Insurance Agency
Serving the Transportation Industry
Trusted Truck Insurance Agency Since 1949
*Truck Insurance *Trucking Compliance
*IFTA's/IRP Management/Temp Permits
*Yearly Audits W/ FMCSA
*New Trucking Company Formation
*Creating & Maintaining Driver Qualification Files
*Bookkeeping
*Notary Services & Many More!
ਅਸੀਂ ਟਰੱਕਾਂ ਦੀ ਇੰਸ਼ੋਰੈਂਸ ਕਰਦੇ ਹਾਂ
YOUR TRANSPORTATION INSURANCE SPECIALIST
Call me today for more info:
(Sunny) Karmjit Bahia
1-360-502-7034
Email:sunny.bahia@gia.email

LIFE INSURANCE | RETIREMENT PLANNING
Ø Life Insurance
Ø 529 College Saving Plan*
Ø IRA/401K Planning*
Ø Mortgage Protection
Ø Business Planning
Ø Estate Conservation
Ø Disability Insurance
Harpreet Parmar
Financial Services Professional
New York Life Insurance Company
15238 SE 272nd St Kent, WA 98042
Cell: 253-880-9968
www.harpreetparmar.com hparmar@ft.newyorklife.com

ਸਿਆਟਲ ਵਿਚ ਲਿਨਵੁਡ, ਐਵਰਟ, ਕੈਂਟ, ਮੇਰੀਸਵੈਲ, ਬੈਲੇਵਿਊ, ਰੈਡਮੰਡ, ਰੈਂਟਨ, ਪਿਆਲਪ ਦੇ ਇਲਾਕੇ ਵਿੱਚ ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
JASMEEN KAUR
C: 425-299-2284
Bus: 425-602-4150
jasmeenkaur@cbbain.com
COLDWELL BANKER BAIN
8525 -120TH Ave. NE, #100,Kirkland, WA 98033
JASMEEN KAUR

BALBIR SINGH NIJJAR
Senior Loan Originator
ਮੌਰਗੇਜ਼ ਦੇ ਵਧੀਆ ਰੇਟ ਅਤੇ ਇਮਾਨਦਾਰ ਸਰਵਿਸ
RESIDENTIAL or COMMERCIAL LOANS
206-650-3700
13401-NE Bel Red Road, Suite B4, Bellevue, WA 98005
Bsingh@wisemfg.com www.wizemtg.com

Real Estate Expert
Harjinder Singh
ਸਿਆਟਲ ਏਰੀਏ ਵਿੱਚ ਘਰ ਖਰੀਦਣ ਤੇ ਵੇਚਣ ਲਈ ਕਾਲ ਕਰੋ
(206) 643-7853
Residencial & Commercial
Harjinder@TheLionEstates.com
www.TheLionEstates.com
Kent, Renton, Auburn, Covington, Seattle, Everett, Lynnwood, Marysville, Bellevue, Redmond, Kirkland
CENTURY 21 Real Estate Center


SPICE
WORLD
INDIAN SPICES AND HERBS
Special Deal of the Month
Siva's
STONE GROUND
Premium
Chakki Fresh Atta
100% Whole Wheat
No Maida
NET WEIGHT 20lbs
Siva's Premium Atta 20lbs
(100% Whole Wheat
No Maida)
SPECIAL PRICE:
$11.99/ONLY
NOW AVAILABLE AT :
10417 Canyon Rd E, Puyallup WA 98373
Mon-Sun 10 am - 8 pm
https://spiceworldpuyallup.com/
(253)-212-3408
BUY NOW
For Wholesale Order at :
Reshmi's Group Inc, 1120 Andover Park E,Tukwila, WA 98188,
T: (206) 575-0050,E: sales@reshmisgroup.com.



# DIAMONDS!

Diamond Necklace
Wedding Sets
and
Wedding Rings

**50% off**

Come see our collection

## ਡਾਇਮੰਡਜ !

ਅਸੀਂ ਹਣ ਡਾਇਮੰਡ ਨੈਕੂਲੇਸ, ਵਿਆਹ ਦੇ ਸੈੱਟ
ਅਤੇ ਵਿਆਹ ਲਈ ਅੰਗੂਠੀਆਂ ਵੀ ਰੱਖਦੇ ਹਾਂ

**50% off**

ਆ ਕੇ ਕੁਲੈਕਸ਼ਨ ਦੇਖੋ

# Season Special!

Visit our store for special pricing when buying
50 grams or more of 22k Gold Jewelry!

# ਸੀਜਨ ਸਪੈਸ਼ਲ !

ਜਦੋਂ ਤੁਸੀਂ 50 ਗਰਾਮ ਜਾਂ ਇਸ ਤੋਂ ਜ਼ਿਆਦਾ 22 ਕੈਰੇਟ ਦੇ ਸੋਨੇ ਦੇ ਗਹਿਣੇ ਖਰੀਦਦੇ ਹੋ
ਤਾਂ ਸਪੈਸ਼ਲ ਕੀਮਤਾਂ ਲਈ ਸਾਡੇ ਸਟੋਰੇ ਤੇ ਆਉ।

**CASH FOR GOLD**

ਸੋਨੇ ਬਦਲੇ
ਡਾਲਰ ਲਉ

ਸਾਡੀਆਂ
ਕੀਮਤਾਂ
ਬਹੁਤ
ਘੱਟ ਹਨ

# TAJ JEWELERS

**TRADE YOUR OLD GOLD FOR NEW JEWELRY**

ਆਪਣੇ ਪੁਰਾਣੇ
ਗਹਿਣਿਆਂ ਬਦਲੇ
ਨਵੇਂ ਫੈਸ਼ਨ ਦੇ
ਗਹਿਣੇ ਲਉ

UNIQUELY DESIGNED 22KT GOLD JEWELRY

**WE SELL FOR LESS**

# ਤਾਜ਼ ਜਿਊਲਰਜ਼

**22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ**

**Ph:253-981-3071**

**10120 SE 260th St. Suite 110, Kent, WA 98030**

Open: 7 Days Tuesday to Sunday 11am to 7pm, Mon 11am to 6pm ਅਸੀਂ ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ
ਮੰਗਲਵਾਰ ਤੋਂ ਐਤਵਾਰ ਸਵੇਰ 11ਵਜੇ ਤੋਂ ਸ਼ਾਮ 7 ਵਜੇ ਤੱਕ, ਸੋਮਵਾਰ ਸਵੇਰ 11 ਤੋਂ ਸ਼ਾਮ 6 ਵਜੇ ਤੱਕ

# ਕਨਿਸ਼ਕ ਬੰਬ ਧਮਾਕੇ ਵਿੱਚ ਮਾਰੇ ਗਏ ਬੇਕਸੂਰਾਂ ਦੀ ਹਮਦਰਦੀ ਵਿੱਚ ਸ਼ਾਂਤਮਈ ਇਕੱਤਰਤਾ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):1985 ਏਅਰ ਇੰਡੀਆ ਫਲਾਈਟ 182 ਕਨਿਸ਼ਕ ਬੰਬ ਧਮਾਕੇ ਵਿੱਚ ਮਾਰੇ ਗਏ ਬੇਕਸੂਰਾਂ ਦੀ ਹਮਦਰਦੀ ਵਿੱਚ ਸ਼ਾਂਤਮਈ ਇਕੱਤਰਤਾ ਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਡੈਲਟਾ ਬਾਬਾ ਬੰਦਾ ਸਿੰਘ ਬਹਾਦਰ ਐਬਸਫੋਰਡ ਸਮੇਤ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਵੱਲੋਂ ਸ਼ਾਮਿਲ ਹੋਣ ਲਈ ਸਮੂਹ ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਗਿਆ ਸੀ।ਏਅਰ ਇੰਡੀਆ ਫਲਾਈਟ 182 ਕਨਿਸ਼ਕ ਬੰਬ ਧਮਾਕੇ ਵਿੱਚ ਮਾਰੇ ਗਏ 329 ਯਾਤਰੀਆਂ ਦੇ ਲਈ ਸ਼ਰਧਾਂਜਲੀ ਸਮਾਗਮ 23 ਜੂਨ 2025 ਸ਼ਾਮ 6 ਵਜੇ ਵੈਨਕੂਵਰ ਸਟੈਨਲੀ ਪਾਰਕ ਵਿੱਚ ਰੱਖਿਆ ਗਿਆ ਸੀ ਜਿੱਥੇ ਏਅਰ ਇੰਡੀਆਕਨਿਸ਼ਕ ਕਾਂਡ ਦੀ ਯਾਦ ਵਿਚ ਮੈਮੋਰੀਅਲ ਅਸਥਾਨ ਬਣਿਆ ਹੋਇਆ ਹੈ।ਏਅਰ ਇੰਡੀਆ ਬੰਬ ਧਮਾਕੇ ਦੇ ਪੀੜਤਾਂ ਦੀ ਯਾਦ 'ਚ ਇੱਕ ਸਮਾਰੋਹ ਵਿੱਚ ਖਾਲਸਾ ਰਾਜ ਦੀ ਸਥਾਪਤੀ ਲਈ ਸੰਘਰਸ਼ ਕਰ ਰਹੇ ਆਜ਼ਾਦੀ ਪਸੰਦ ਸਿੱਖ ਵੀ ਇਕੱਠੇ ਹੋਏ ਸਨ।ਉਨ੍ਹਾਂ ਦੇ ਫਲਾਇਰ ਅਤੇ ਪੋਸਟਰ ਦੱਸਦੇ ਹਨ ਕਿ ਉਹ ਏਅਰ ਇੰਡੀਆ ਫਲਾਈਟ 182 ਦੇ ਬੰਬ ਧਮਾਕੇ ਦਾ ਸ਼ਿਕਾਰ ਹੋਏ ਕੈਨੇਡੀਅਨਾਂ ਦੇ ਪਰਿਵਾਰਾਂ ਨਾਲ ਇਕਜੁੱਟਤਾ ਦਿਖਾਉਣ ਲਈ ਉੱਥੇ ਹਾਜਿਰ ਹੋਏ ਹਨ। ਜਿਕਰਯੋਗ ਹੈ ਕਿ 23 ਜੂਨ 1985 ਵਾਲੇ ਦਿਨ 40 ਸਾਲ ਪਹਿਲਾਂ ਕਨੇਡਾ ਦੇ ਇਤਿਹਾਸ ਦਾ ਸਭ ਤੋਂ ਵੱਡਾ ਦੁਖਦਾਈ ਕਾਂਡ ਵਾਪਰਿਆ ਸੀ।ਏਅਰ ਇੰਡੀਆ ਦੀ ਫਲਾਈਟ 182 ਮੌਂਟੀਰੀਅਲ (ਕੈਨੇਡਾ) ਤੋਂ ਦਿੱਲੀ ਲਈ ਰਵਾਨਾ ਹੋਈ ਪਰ ਇਸ ਵਿਚ ਰੱਖੇ ਬੰਬ ਦੇ ਫੱਟ ਜਾਣ ਨਾਲ ਇਹ ਜਹਾਜ ਆਸਮਾਨ ਵਿਚ ਹੀ ਤਬਾਹ ਹੋ ਗਿਆ ਅਤੇ ਇਸ ਵਿੱਚ ਸਵਾਰ 329 ਨਿਰਦੋਸ਼ ਲੋਕ ਮਾਰੇ ਗਏ ਸਨ। 40 ਸਾਲ ਬੀਤ ਜਾਣ ਤੋਂ ਬਾਅਦ ਵੀ ਇਸ ਕਾਂਡ ਦੇ ਅਸਲ ਗੁਨਾਹਗਾਰ ਅੱਜ ਤੱਕ ਵੀ ਫੜੇ ਨਹੀਂ ਗਏ ਹਨ ਭਾਵੇਂ ਭਾਰਤ ਸਰਕਾਰ ਨੇ ਇਸ ਦਾ ਦੋਸ਼ ਸਿੱਖਾਂ ਸਿਰ ਮੜਨ ਦੀ ਪੂਰੀ ਕੋਸ਼ਿਸ਼ ਕੀਤੀ ਪਰ ਕੈਨੇਡਾ ਦੀ ਅਦਾਲਤ ਵਲੋਂ ਕਿਸੇ ਵੀ ਸਿੱਖ ਨੂੰ ਇਸ ਕਾਂਡ ਲਈ ਦੋਸ਼ੀ ਨਹੀਂ ਠਹਿਰਾਇਆ ਗਿਆ।ਪਰ ਜਦੋਂ ਇਨਵੇਸਟੀਗੇਸ਼ਨ ਚੱਲ ਰਹੀ ਸੀ ਉਸ ਵਕਤ ਤਿੰਨ ਭਾਰਤੀ ਡਿਪਲੋਮੈਟਾਂ ਨੂੰ ਕੈਨੇਡਾ ਵਿੱਚੋਂ ਜ਼ਰੂਰ ਕੱਢ ਦਿੱਤਾ ਗਿਆ ਸੀ।ਉਮੀਦ ਹੈ ਕਿ ਇਸ ਬੰਬ ਕਾਂਡ ਦੇ ਅਸਲ ਦੋਸ਼ੀਆਂ ਨੂੰ ਇਕ ਦਿਨ ਜ਼ਰੂਰ ਸਜ਼ਾ ਮਿਲੇਗੀ ਅਤੇ ਪੀੜਤਾਂ ਨੂੰ ਇਨਸਾਫ ਮਿਲੇਗਾ। ਇਸ ਸਮਾਗਮ ਵਿੱਚ ਭਾਈ ਨਰਿੰਦਰ ਸਿੰਘ ਖਾਲਸਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਗੁਰਮੀਤ ਸਿੰਘ ਗਿੱਲ, ਭਾਈ ਮਨਜਿੰਦਰ ਸਿੰਘ ਖਾਲਸਾ, ਭਾਈ ਅਜੈਪਾਲ ਸਿੰਘ, ਭਾਈ ਰਣਜੀਤ ਸਿੰਘ ਖਾਲਸਾ, ਭਾਈ ਰਣਜੀਤ ਸਿੰਘ ਸਹੋਤਾ, ਭਾਈ ਦਲਜੀਤ ਸਿੰਘ, ਭਾਈ ਜੈਕ ਸਿੱਧੂ ਸਮੇਤ ਵਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਿਰੀ ਭਰ ਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਸਨ।




# ਸਾਊਦੀ ਅਰਬ ਨੇ ਕਸ਼ਮੀਰ ਮੁੱਦੇ ਤੇ ਪਾਕਿ ਦੀ ਕੀਤੀ ਹਮਾਇਤ

ਇਸਲਾਮਾਬਾਦ:-ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਸਾਊਦੀ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ, ਜਿਸ ਵਿੱਚ ਦੋਵਾਂ ਨੇਤਾਵਾਂ ਨੇ ਈਰਾਨ-ਇਜ਼ਰਾਈਲ ਜੰਗਬੰਦੀ ਅਤੇ ਹਾਲ ਹੀ ਵਿੱਚ ਪਾਕਿਸਤਾਨ-ਭਾਰਤ ਤਣਾਅ ਸਮੇਤ ਕਈ ਦੁਵੱਲੇ ਅਤੇ ਖੇਤਰੀ ਮੁੱਦਿਆਂ 'ਤੇ ਚਰਚਾ ਕੀਤੀ।ਆਪਣੀ ਗੱਲਬਾਤ ਵਿੱਚ, ਪ੍ਰਧਾਨ ਮੰਤਰੀ ਸ਼ਾਹਬਾਜ਼ ਨੇ ਪਾਕਿਸਤਾਨ ਅਤੇ ਭਾਰਤ ਵਿਚਕਾਰ ਹਾਲ ਹੀ ਵਿੱਚ ਹੋਏ ਤਣਾਅ ਦੌਰਾਨ ਸਾਊਦੀ ਅਰਬ ਦੀ ਰਚਨਾਤਮਕ ਭੂਮਿਕਾ ਦੀ ਸ਼ਲਾਘਾ ਕੀਤੀ, ਸਾਊਦੀ ਅਰਬ ਦੇ ਯਤਨਾਂ ਨੇ ਖੇਤਰ ਵਿੱਚ ਤਣਾਅ ਨੂੰ ਘਟਾਉਣ ਵਿੱਚ ਮਦਦ ਕੀਤੀ।ਪ੍ਰਧਾਨ ਮੰਤਰੀ ਨੇ ਦੱਖਣੀ ਏਸ਼ੀਆ ਵਿੱਚ ਕੂਟਨੀਤੀ ਅਤੇ ਸ਼ਾਂਤੀ ਪ੍ਰਤੀ ਇਸਲਾਮਾਬਾਦ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ ਕਿਹਾ, "ਪਾਕਿਸਤਾਨ ਸਾਰੇ ਬਕਾਇਆ ਮੁੱਦਿਆਂ 'ਤੇ ਕਸ਼ਮੀਰ ਸਮੇਤ ਭਾਰਤ ਨਾਲ ਅਰਥਪੂਰਨ ਗੱਲਬਾਤ ਚਾਹੁੰਦਾ ਹੈ।"ਪਾਕਿਸਤਾਨ ਨੇ ਕਿਹਾ "ਅਸੀਂ ਸੰਯੁਕਤ ਰਾਸ਼ਟਰ ਚਾਰਟਰ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਦਾ ਸਮਰਥਨ ਕਰਦੇ ਹਾਂ, ਅਤੇ ਸਾਰੇ ਪੱਖਾਂ ਨੂੰ ਸ਼ਾਂਤੀਪੂਰਨ ਤਰੀਕਿਆਂ ਨਾਲ ਵਿਵਾਦਾਂ ਨੂੰ ਹੱਲ ਕਰਨ ਦੀ ਅਪੀਲ ਕਰਦੇ ਹਾਂ,"ਦੋਵੇਂ ਨੇਤਾ ਇਸ ਮੁਸ਼ਕਲ ਸਮੇਂ ਦੌਰਾਨ ਇਸਲਾਮੀ ਦੁਨੀਆ ਦੇ ਅੰਦਰ ਏਕਤਾ ਦੀ ਮਹੱਤਤਾ 'ਤੇ ਸਹਿਮਤ ਹੋਏ ਅਤੇ ਨਿਯਮਤ ਸੰਚਾਰ ਬਣਾਈ ਰੱਖਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।ਇਸ ਤੋਂ ਪਹਿਲਾਂ, ਪ੍ਰਧਾਨ ਮੰਤਰੀ ਸ਼ਾਹਬਾਜ਼ ਨੇ ਇਸਲਾਮਾਬਾਦ ਵਿੱਚ ਚੀਨੀ ਰਾਜਦੂਤ ਜਿਆਂਗ ਜ਼ੈਦੋਂਗ ਨਾਲ ਮੁਲਾਕਾਤ ਵਿੱਚ ਚੀਨ-ਪਾਕਿਸਤਾਨ ਆਰਥਿਕ ਗਲਿਆਰਾ ਪ੍ਰੋਜੈਕਟਾਂ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਚੀਨ ਨਾਲ ਨਿਰੰਤਰ ਸਹਿਯੋਗ ਦੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਸੀ।ਪ੍ਰਧਾਨ ਮੰਤਰੀ ਸ਼ਾਹਬਾਜ਼ ਨੇ ਅਗਸਤ ਵਿੱਚ ਆਪਣੀ ਨਿਰਧਾਰਤ ਚੀਨ ਫੇਰੀ ਸੰਬੰਧੀ ਦੋਵਾਂ ਦੇਸ਼ਾਂ ਵਿਚਕਾਰ ਚੱਲ ਰਹੇ ਸਲਾਹ-ਮਸ਼ਵਰੇ 'ਤੇ ਚਰਚਾ ਕੀਤੀ।

# ਨਿਊ ਯਾਰਕ ਸ਼ਹਿਰ ਦਾ ਅਗਲਾ ਮੇਅਰ ਹੋਵੇਗਾ ਭਾਰਤੀ




ਨਿਊ ਯਾਰਕ: ਅਮਰੀਕਾ ਦੀ ਆਰਥਿਕ ਰਾਜਧਾਨੀ ਨਿਊ ਯਾਰਕ ਵਿਚ ਪਹਿਲਾ ਭਾਰਤੀ ਮੇਅਰ ਬਣਨਾ ਲਗਭਗ ਯਕੀਨੀ ਹੋ ਗਿਆ ਹੈ। ਜੀ ਹਾਂ, ਡੈਮੋਕ੍ਰੈਟਿਕ ਪਾਰਟੀ ਵੱਲੋਂ ਜ਼ੋਹਰਾਨ ਮਮਦਾਨੀ ਉਮੀਦਵਾਰੀ ਜਿੱਤ ਚੁੱਕੇ ਹਨ ਅਤੇ ਨਿਊ ਯਾਰਕ ਸ਼ਹਿਰ ਵਿਚ ਡੈਮੋਕ੍ਰੈਟਸ ਦਾ ਦਬਦਬਾ ਮੰਨਿਆ ਜਾਂਦਾ ਹੈ। ਗੁਜਰਾਤੀ ਅਤੇ ਪੰਜਾਬੀ ਮਾਪਿਆਂ ਦੀ ਸੰਤਾਨ ਜ਼ੋਹਰਾਨ ਮਮਦਾਨੀ ਦਾ ਜਨਮ ਯੁਗਾਂਡਾ ਵਿਚ ਹੋਇਆ ਅਤੇ ਬਾਅਦ ਵਿਚ ਉਨ੍ਹਾਂ ਦਾ ਪਰਵਾਰ ਅਮਰੀਕਾ ਆ ਕੇ ਵਸ ਗਿਆ। ਨਿਊ ਯਾਰਕ ਸੂਬਾ ਅਸੈਂਬਲੀ ਦੇ 33 ਸਾਲਾ ਮੈਂਬਰ ਜ਼ੋਹਰਾਨ ਮਮਦਾਨੀ ਨੇ ਪਾਰਟੀ ਪੱਧਰ 'ਤੇ 80 ਫ਼ੀ ਸਦੀ ਤੋਂ ਵੱਧ ਵੋਟਾਂ ਹਾਸਲ ਕਰਦਿਆਂ ਮੇਅਰ ਦੀ ਉਮੀਦਵਾਰੀ ਜਿੱਤ ਲਈ ਜਦਕਿ ਸਾਬਕਾ ਗਵਰਨਰ ਐਂਡਰਿਊ ਕੂਮੋ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

# ਪਾਕਿਸਤਾਨ ਦੇ ਹੱਕ 'ਚ ਭੁਗਤੇ ਤੁਰਕੀ 'ਚ ਇਕੱਠੇ ਹੋਏ 57 ਮੁਸਲਿਮ ਦੇਸ਼

## ਸਿੰਧੂ ਜਲ ਸਮਝੌਤਾ ਲਾਗੂ ਕਰਨ ਤੇ ਕਸ਼ਮੀਰ ਤੇ ਦੇ ਮੁੱਦੇ 'ਤੇ ਭਾਰਤ ਨੂੰ ਦਿੱਤੀ 'ਧਮਕੀ

ਇਸਤਾਂਬੁਲ: ਤੁਰਕੀ ਦੇ ਇਸਤਾਂਬੁਲ ਵਿੱਚ ਹੋਈ ਇਸਲਾਮਿਕ ਸਹਿਯੋਗ ਸੰਗਠਨ ਦੀ ਦੋ-ਰੋਜ਼ਾ ਮੀਟਿੰਗ ਇੱਕ ਵਾਰ ਫਿਰ ਪਾਕਿਸਤਾਨ ਦੀ ਪੱਖਪਾਤੀ ਕੂਟਨੀਤੀ ਦਾ ਮੰਚ ਬਣ ਗਈ।57 ਮੁਸਲਿਮ ਦੇਸ਼ਾਂ ਦੇ ਸੰਗਠਨ ਦੇ ਵਿਦੇਸ਼ ਮੰਤਰੀਆਂ ਦੀ ਪ੍ਰੀਸ਼ਦ ਨੇ ਆਪਣੇ ਸਾਂਝੇ ਬਿਆਨ ਵਿੱਚ, ਇੱਕ ਪਾਸੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਿੰਧੂ ਜਲ ਸੰਧੀ ਨੂੰ ਜਾਰੀ ਰੱਖਣ ਦੀ ਗੱਲ ਕੀਤੀ, ਜਦੋਂ ਕਿ ਦੂਜੇ ਪਾਸੇ ਭਾਰਤ ਦੀ ਫੌਜੀ ਕਾਰਵਾਈ ਅਤੇ ਕਸ਼ਮੀਰ ਨੀਤੀ ਤੇ ਇੱਕਪਾਸੜ ਟਿੱਪਣੀਆਂ ਵੀ ਕੀਤੀਆਂ।ਓਆਈਸੀ ਨੇ ਆਪਣੇ ਸਾਂਝੇ ਬਿਆਨ ਵਿੱਚ ਸਪੱਸ਼ਟ ਕੀਤਾ ਕਿ ਉਹ ਪਾਕਿਸਤਾਨ ਦੇ ਸਟੈਂਡ ਦਾ ਪੂਰਾ ਸਮਰਥਨ ਕਰਦਾ ਹੈ ਤੇ ਭਾਰਤ ਤੋਂ ਵੱਧ ਤੋਂ ਵੱਧ ਸੰਜਮ ਵਰਤਣ ਦੀ ਉਮੀਦ ਕਰਦਾ ਹੈ। ਮੀਟਿੰਗ ਤੋਂ ਬਾਅਦ ਜਾਰੀ ਕੀਤੇ ਗਏ ਇੱਕ ਰਸਮੀ ਬਿਆਨ ਵਿੱਚ, ਓਆਈਸੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਦੋਵਾਂ ਧਿਰਾਂ ਨੂੰ ਸਾਲ 1960 ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਦਸਤਖਤ ਕੀਤੇ ਸਿੰਧੂ ਜਲ ਸੰਧੀ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ।ਬਿਆਨ ਵਿੱਚ ਕਿਹਾ ਗਿਆ ਹੈ, "ਇਸ ਇਤਿਹਾਸਕ ਸਮਝੌਤੇ ਨੂੰ ਕਿਸੇ ਵੀ ਹਾਲਤ ਵਿੱਚ ਨਹੀਂ ਤੋੜਿਆ ਜਾਣਾ ਚਾਹੀਦਾ। ਦੋਵਾਂ ਧਿਰਾਂ ਨੂੰ ਇਸਨੂੰ ਲਾਗੂ ਕਰਨਾ ਜਾਰੀ ਰੱਖਣਾ ਚਾਹੀਦਾ ਹੈ।"ਇਹ ਟਿੱਪਣੀ ਉਸ ਸਮੇਂ ਆਈ ਹੈ ਜਦੋਂ ਭਾਰਤ ਨੇ 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਸਿੰਧੂ ਸੰਧੀ 'ਤੇ ਆਪਣਾ ਸਟੈਂਡ ਸਖ਼ਤ ਕਰ ਲਿਆ ਸੀ ਅਤੇ ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਰੋਕਣ ਦਾ ਸੰਕੇਤ ਦਿੱਤਾ ਸੀਜ਼ ਪਾਕਿਸਤਾਨ ਨੇ ਇਸ ਤੇ ਸਖ਼ਤ ਇਤਰਾਜ਼ ਜਤਾਇਆ ਸੀ ਅਤੇ ਜੰਗ ਦੀ ਧਮਕੀ ਦਿੱਤੀ ਸੀ। ਇਸ ਮੁੱਦੇ 'ਤੇ ਦੋਵਾਂ ਦੇਸ਼ਾਂ ਵਿਚਕਾਰ ਤਿੰਨ ਮਹੀਨਿਆਂ ਤੋਂ ਟਕਰਾਅ ਚੱਲ ਰਿਹਾ ਹੈ। ਓਆਈਸੀ ਦੇ ਸੀਐਫਐਮ ਨੇ ਇੱਕ ਬਿਆਨ ਵਿੱਚ ਕਿਹਾ, "ਅਸੀਂ ਦੱਖਣੀ ਏਸ਼ੀਆ ਵਿੱਚ ਵਧਦੀਆਂ ਫੌਜੀ ਗਤੀਵਿਧੀਆਂ ਬਾਰੇ ਡੂੰਘੀ ਚਿੰਤਤ ਹਾਂ।ਪਾਕਿਸਤਾਨ ਵਿੱਚ ਕਈ ਥਾਵਾਂ 'ਤੇ ਭਾਰਤ ਵੱਲੋਂ ਫੌਜੀ ਹਮਲੇ ਖੇਤਰੀ ਅਸਥਿਰਤਾ ਨੂੰ ਵਧਾ ਸਕਦੇ ਹਨ।"ਓਆਈਸੀ ਨੇ ਦੋਵਾਂ ਧਿਰਾਂ ਨੂੰ ਭੜਕਾਊ ਕਾਰਵਾਈਆਂ ਤੋਂ ਬਚਣ ਅਤੇ ਵੱਧ ਤੋਂ ਵੱਧ ਸੰਜਮ ਵਰਤਣ ਦੀ ਅਪੀਲ ਕੀਤੀ ਹੈ। ਇਹ ਸਪੱਸ਼ਟ ਤੌਰ 'ਤੇ ਭਾਰਤ ਵੱਲ ਇਸ਼ਾਰਾ ਕੀਤਾ ਗਿਆ ਸੰਕੇਤ ਹੈ, ਕਿਉਂਕਿ ਪਾਕਿਸਤਾਨ ਓਆਈਸੀ ਦਾ ਸਥਾਈ ਮੈਂਬਰ ਹੈ ਤੇ ਇਸਨੂੰ ਲੰਬੇ ਸਮੇਂ ਤੋਂ ਭਾਰਤ ਵਿਰੁੱਧ ਕੂਟਨੀਤਕ ਹਥਿਆਰ ਵਜੋਂ ਵਰਤ ਰਿਹਾ ਹੈ ਇਸ ਓਆਈਸੀ ਮੀਟਿੰਗ ਵਿੱਚ ਭਾਰਤ ਲਈ ਚਿੰਤਾ ਦਾ ਇੱਕ ਹੋਰ ਵਿਸ਼ਾ ਇਹ ਸੀ ਕਿ ਸੰਗਠਨ ਨੇ ਕਸ਼ਮੀਰ ਮੁੱਦੇ 'ਤੇ ਪਾਕਿਸਤਾਨ ਦੇ ਸਟੈਂਡ ਨੂੰ ਪੂਰੀ ਤਰ੍ਹਾਂ ਦੁਹਰਾਇਆ।ਬਿਆਨ ਵਿੱਚ ਕਿਹਾ ਗਿਆ ਹੈ, "ਅਸੀਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮਤਿਆਂ, ਓਆਈਸੀ ਦੇ ਰੁਖ਼ ਅਤੇ ਕਸ਼ਮੀਰੀ ਲੋਕਾਂ ਦੀਆਂ ਇੱਛਾਵਾਂ ਦੇ ਅਨੁਸਾਰ, ਕਸ਼ਮੀਰ ਦੇ ਲੋਕਾਂ ਦੇ ਸਵੈ-ਨਿਰਣੇ ਦੇ ਅਧਿਕਾਰ ਦਾ ਸਮਰਥਨ ਕਰਦੇ ਹਾਂ।" ਇਹ ਬਿਆਨ ਭਾਰਤ ਦੀ ਉਸ ਨੀਤੀ ਦੇ ਵਿਰੁੱਧ ਹੈ ਜਿਸ ਵਿੱਚ ਕਸ਼ਮੀਰ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਮੰਨਿਆ ਜਾਂਦਾ ਹੈ ਅਤੇ ਕਿਸੇ ਵੀ ਤੀਜੀ ਧਿਰ ਦੀ ਵਿਚੋਲਗੀ ਨੂੰ ਰੱਦ ਕੀਤਾ ਜਾਂਦਾ ਹੈ। ਤੁਰਕੀ ਵਿੱਚ ਮਹੱਤਵਪੂਰਨ ਮੀਟਿੰਗਾਂ ਹੋਈਆਂ, ਪਾਕਿਸਤਾਨ ਫੌਜ ਮੁਖੀ ਵੀ ਮੌਜੂਦ ਸਨ। ਇਸਲਾਮਿਕ ਸਹਿਯੋਗ ਸੰਗਠਨ ਦੀ ਇਹ ਮੀਟਿੰਗ ਇਸ ਲਈ ਵੀ ਖ਼ਬਰਾਂ ਵਿੱਚ ਸੀ ਕਿਉਂਕਿ ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸਹਾਕ ਡਾਰ ਦੇ ਨਾਲ ਪਾਕਿਸਤਾਨ ਫੌਜ ਮੁਖੀ ਜਨਰਲ ਅਸੀਮ ਮੁਨੀਰ ਵੀ ਤੁਰਕੀ ਪਹੁੰਚੇ ਸਨ।


Complete Dental Care

New & Emergency Patients Welcome

-Family & Cosmetic Dentistry

-Root Canals, Wisdom Teeth Removal, Metal-free Restorations

-Bleeching, Veneer, Bonding

-Preventive & Pediatric Dentistry




ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ

Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE

Ph: 253-854-2714

SUITE #1, 10725 SE 256TH ST, KENT, WA


PUNJAB GROCERY BAZAAR
PUNJAB GROCERY BAZAAR
OLD KK MARKET
DEAL OF THE WEEK
BIG SALE
GREEN MANGO ACHARI $ 1.99 LBS
SWEET MANGO $1.99 Each
RED LABEL TEA
450 GM $ 5.99
1.9 LBS $ 8.99
3.9 LBS $ 17.99
Brooke Bond
Red Label
TOMATO $.99 LBS
CAULIFLOWER $1.99 Each
BITTER GOURD $1.89 LBS
NIWAR MANJA Start From $45.99 +Tax
MUSTARD OIL $19.99 5 Litre
INDIAN CROCKERY Get 15% Discount
FRESH VEGGIE CANADIAN COOKIES $7.99
INDIAN TANDOOR Start From $ 299.99 Each
BLANKET Get 15% Discount
SHER
DURUM ATTA
Sher Desi Style Atta $ 15.49
Sher Fiber Atta $ 16.49
Sher Swt. Corn $ 16.99
AASHIRVAAD
Aashirvaad Atta $ 15.49
SWARNA
Swarna Atta $ 12.99
+1 253-854-5236
23805, 104th Ave SE, Kent, WA 98031, United States

"Sound Mind in the Sound Body" ੧ੳ ਸਤਿਗੁਰ ਪ੍ਰਸਾਦਿ ॥ Health is Wealth

# 15th Children Summer Sports Camp-2025

## 15ਵਾਂ ਬੱਚਿਆਂ ਦਾ ਖੇਡ ਕੈਂਪ-2025

**ਉਦਘਾਟਨ :** 5 ਜੁਲਾਈ 2025, ਦਿਨ ਸ਼ਨਿੱਚਰਵਾਰ

**ਸਮਾਪਤੀ ਸਮਾਰੋਹ :** 24 ਅਗਸਤ 2025, ਦਿਨ ਐਤਵਾਰ

**Wilson Play Fields Kent WA. 13028 SE. 251st. Kent, WA - 98030**

Every Saturday - Sunday 5PM to 7PM

**Free Entry**



ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।

ਖੁੱਲ੍ਹਾ ਸੱਦਾ ਹੁੰਮ-ਹੁਮਾ ਕੇ ਪਹੁੰਚੋ

Free Sporst Kits-Refreshment

ਕੋਈ ਫੀਸ ਨਹੀਂ, ਸਗੋਂ ਦਾਨੀ ਸੱਜਣਾਂ ਵੱਲੋਂ ਮੁਫਤ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਦੀ ਸੇਵਾ

ਬਜ਼ੁਰਗਾਂ ਵਾਸਤੇ ਸੈਰ ਤੇ ਯੋਗਾ ਕਸਰਤ 6 ਤੋਂ 7 ਵਜੇ ਤੱਕ







ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 5 ਜੁਲਾਈ, ਦਿਨ ਸ਼ਨਿੱਚਰਵਾਰ, ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ



ਗੁਰਚਰਨ ਸਿੰਘ ਢਿੱਲੋਂ 206-412-1559



ਗੁਰਦੀਪ ਸਿੰਘ ਸਿੱਧੂ 206-697-8155

ਸਵਾਗਤ ਕਰਤਾ : *Sikhs of Seattle*

ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ


SHOP BIG SAVE BIGGER
27TH JUNE 2025 -2ND JULY 2025
SURREY | DELTA | LANGLEY | ABBOTSFORD
DAY TO DAY
GROCERY & PRODUCE
CANADA DAY SPECIAL
SURREY: 7843 128TH STREET SURREY, BC
DELTA: UNIT #100 7337 120 St, Delta, BC
LANGLEY: 6339 200 St, Langley, BC
ABBOTSFORD: 31877 South Fraser Way, Abbotsford, BC
buyBC
BC GROWN TINDA
ONLY
$1.99/LB
buyBC
METHI & SPINACH BUNCH
ONLY
$1.49/EA
BEST PRICE
RED DELICIOUS APPLES
ONLY
$0.99/LB
buyBC
CHERRY BC
ONLY
$3.99/LB
BEST PRICE
CAULIFLOWER
2 FOR
$1.49
BEST PRICE
GREEN CABBAGE
ONLY
$0.99/LB
BEST PRICE
WHITE TURNIPS
ONLY
$2.49/LB
BEST PRICE
WATERMELON LARGE
ONLY
$0.79/LB
BIG DEAL
OTV/ ROMA TOMATOES
ONLY
$0.99/LB
buyBC
GREEN BELL PEPPERS
ONLY
$0.99/LB
BEST PRICE
GINGER FRESH
ONLY
$1.29/LB

# ਰੱਬਾ ਰੱਬਾ ਮੀਂਹ ਪਵਾ...

ਬਾਹਰ ਵਾਲਿਆਂ ਲਈ ਖਾਸ.....

ਪਿੰਡੋਂ ਆਏ ਚਾਚੇ ਨੇ ਗੱਲ ਸੁਣਾਈ। ਸਾਡੇ ਪਿੰਡ ਮਾਈ ਹੁੰਦੀ ਸੀ 'ਕਾਂਈ' ਯਾਣੀ ਕਾਉਂਣੀ? ਕਈ ਚਿਰ ਮੀਂਹ ਨਾ ਪਿਆ ਤਾਂ ਕਿਸਾਨ ਨੇ ਤਾਂ ਪ੍ਰੇਸ਼ਾਨ ਹੋਣਾ ਹੀ ਸੀ ਕਿਉਂਕਿ ਉਸ ਸਮੇ ਦਾ ਕਿਸਾਨ ਕੁਦਰਤ ਉਪਰ ਨਿਰਭਰ ਸੀ। ਮਾਈ ਕਹਿੰਦੀ ਮੀਂਹ ਕਿਵੇਂ ਨਾ ਪਊ। ਉਸ ਹੋਰ ਮਾਈਆਂ ਤਿਆਰ ਕੀਤੀਆਂ, ਗੁੜ ਵਾਲੇ ਬਣਾਏ ਚੌਲ ਤੇ ਛੱਪੜ ਦੀ ਮਿੱਟੀ ਵਿਚ ਨਹਾ ਕੇ ਯਾਣੀ ਲਿਬੜ ਕੇ ਸਾਡੇ ਪਿੰਡ ਦੇ ਨੰਗ ਜਿਹੇ ਸਾਧ (ਬਾਬਾ ਜੱਸ) ਦੀ ਮੜੀ ਤੇ ਜਾ ਮਜਮਾ ਲਾਇਆ। ਵਡਭਾਗ ਸਿਉਂ ਦੀਆਂ ਭੂਤਾਂ ਕੱਢਣ ਤਰ੍ਹਾਂ ਲੱਗੀਆਂ ਬਾਬੇ ਜੱਸ ਅੱਗੇ ਸਿਰ ਮਾਰਨ ਕਿ ਪਾ ਮੀਂਹ। ਆਖਰ ਜਦ ਹੱਫ ਗਈਆਂ ਤਾਂ ਚੌਲ ਕਾਵਾਂ ਨੂੰ ਪਾ ਕੇ ਘਰ ਮੁੜਨ ਲੱਗੀਆਂ ਤਾਂ 'ਭੂਤਾਂ' ਦੇ ਡਰੇ ਕਾਂ ਚੌਲ ਨਾ ਖਾਣ ਆਉਂਣ। ਉਹ ਜਿਉਂ ਲੱਗੀਆਂ ਕਾਵਾਂ ਅੱਗੇ ਅਰਦਾਸਾਂ ਕਰਨ ਕਿ ਚੌਲਾਂ ਨੂੰ 'ਭੋਗ' ਲਾਓ ਮੀਂਹ ਪਵੇ। ਉਨ੍ਹਾਂ ਦਾ ਚਿਰ ਦਾ ਤਮਾਸ਼ਾ ਦੇਖਦਾ ਇੱਕ ਅੜਬ ਜਿਹਾ ਜੱਟ ਗਾਹਲ ਕੱਢ ਕੇ ਬੋਲਿਆ ਤੁਹਾਡੇ ਜਿਹੀਆਂ ਭੂਤਨੀਆਂ ਦੇਖ ਤਾਂ ਬੰਦਾ ਨਾ ਆਵੇ ਚੌਲ ਖਾਣ ਇਹ ਤੁਹਾਡੇ ਪਿਓ ਕਿਥੋਂ ਆ ਜਾਣਗੇ, ਦੌੜ ਜਾਓ ਘਰਾਂ ਨੂੰ ਕੀ ਪਖੰਡ ਬਣਾਇਆ!!

ਨਾਨਕਸਰੀਆਂ ਦੇ ਨੇੜਲੇ ਪਿੰਡ ਕਲੇਰਾਂ ਵਾਲੇ ਜਦ ਕੁਝ ਚਿਰ ਮੀਂਹ ਨਾ ਪੈਣਾਂ ਤੇ ਮੀਂਹ ਪਾਉਂਣ ਲਈ ਚੁੱਕ ਅਖੰਡ ਪਾਠ ਰੱਖ ਲੈਂਦੇ ਕਿ ਰੱਬ ਦੀ ਕੀ ਜੁਅਰਤ! ਪਾਠ ਨਾਨਕਸਰ ਵਾਲੇ ਬਾਬਿਆਂ ਦੀ ਰੇਖ ਦੇਖ ਥੱਲੇ ਹੁੰਦਾ ਤੇ ਉਹ ਖੁਦ ਆਰਤੀਆਂ ਕਰਨ ਆਉਂਦੇ ਰੱਬ ਨੂੰ ਵੰਗਾਰਨ! ਇੱਕ ਵਾਰੀ ਅਚਾਨਕ ਹੀ ਇਨਾ ਮੀਂਹ ਪਿਆ ਕਿ ਫਸਲਾਂ ਰੁੜਦੀਆਂ ਫਿਰਨ ਤਾਂ ਇੱਕ ਅੱਕਿਆ ਗਰੀਬ ਜੱਟ ਕਰਦਾ ਫਿਰੇ ਮਾਂ ਦੇ ਜਾਰੋ ਹੁਣ ਇਹਨੂੰ ਪਿਓ ਨੂੰ ਬੰਦ ਕਰਨ ਵਾਲਾ ਪਾਠ ਹੈਗਾ ਕਿ ਨਹੀ ਤੁਹਾਡੇ ਕੋਲੇ?ਕਿਸਾਨ ਤੇ ਕੁਦਰਤ ਦਾ ਬੜਾ ਗਹਿਰਾ ਸਬੰਧ ਹੁੰਦਾ ਸੀ ਉਸ ਦਾ ਦੁੱਖ ਸੁੱਖ ਕੁਦਰਤ ਉਪਰ ਬੜਾ ਨਿਰਭਰ ਕਰਦਾ ਸੀ ਪਰ ਕਿਸਾਨ ਨੂੰ, ਖਾਸ ਕਰ ਪੰਜਾਬ ਦੇ ਕਿਸਾਨ ਨੂੰ ਜਿਉਂ ਹੀ ਧਰਤੀ ਵਿਚ ਖੁੱਡਾਂ ਪੁੱਟ ਕੇ ਪਾਣੀ ਕੱਢਣਾ ਆਇਆ ਉਹ ਕੁਦਰਤ ਯਾਣੀ ਰੱਬ ਨਾਲੋਂ ਵੀ ਨਾਤਾ ਤੋੜ ਬੈਠਾ ਤੇ ਪਾਣੀ ਵੀ ਪਲੀਤ ਕਰ ਮਾਰਿਆ ਤੇ ਇਸ ਹਰੇ ਇਨਕਲਾਬਾਂ ਦੀ ਹਵਾ ਨੇ ਉਸ ਨੂੰ ਹੁਣ ਐਨ ਮੌਤ ਕੰਢੇ ਲਿਆ ਖੜਾ ਕੀਤਾ।ਸਾਡੇ ਪਿੰਡ ਦਾ ਕੋਈ 7 ਤੋਂ 800 ਏਕੜ ਰਕਬਾ ਜਮੀਨ ਹੈ ਪਰ ਪਿੰਡ ਦੀਆਂ ਬੰਬੀਆਂ ਪਤਾ ਕਿੰਨੀਆਂ? ਕੋਈ ਸਾਢੇ ਤਿੰਨ ਸੌ ਦੇ ਕਰੀਬ! ਯਾਣੀ ਹਰੇਕ ਦੋ ਕੀਲੇ ਪਿੱਛੇ ਮੋਟਰ। ਤੁਸੀਂ ਪੰਜਾਬ ਦਾ ਕੁੱਲ ਰਕਬਾ ਕੱਢ ਕੇ ਉਸ ਨੂੰ ਹਰੇਕ ਦੋ ਕੀਲੇ ਨਾਲ 'ਮਲਟੀਪਲਾਈ' ਕਰ ਲਓ ਤੇ ਮੁੜ ਉਨ੍ਹਾਂ ਮੋਟਰਾਂ ਰਾਹੀਂ ਅੰਨ੍ਹੇਵਾਹ ਵਗਦਾ ਪਾਣੀ? ਲੋਕਾਂ ਨੂੰ ਹਰੇਕ ਸਾਲ 10 ਫੁੱਟ ਹੋਰ ਡੂੰਘੀ ਧਰਤੀ ਦੀ ਹਿੱਕ ਪਾੜਨੀ ਪੈਂਦੀ ਪਾਣੀ ਨੂੰ ਚਲਦਾ ਰੱਖਣ ਲਈ? ਪੰਜਾਬ ਦੇ ਬੰਬੀਆਂ ਦੇ ਬੋਰ ਕੋਈ ਸਾਢੇ ਚਾਰ ਸੌ ਫੁੱਟ ਡੂੰਘੇ ਪਹੁੰਚ ਚੁੱਕੇ ਹੋਏ ਨੇ! ਯਾਣੀ ਪੰਜਾਬ ਉਸ ਡਾਹਣ ਨੂੰ ਲਗਾਤਾਰ ਵੱਢ ਰਿਹੈ ਜਿਸ ਉਪਰ ਉਹ ਬੈਠਾ ਹੈ, ਜਿਸ ਉਪਰ ਉਸ ਦਾ ਜੀਵਨ ਨਿਰਭਰ ਹੈ!

ਬ੍ਰੈਮਟਨ ਦੇ ਨਾਲ ਹੀ ਕੈਲੀਡਨ ਸ਼ਹਿਰ ਵਿਚ ਮੈਂ ਸਬਜੀਆਂ ਦੀ ਖੇਤੀ ਕਰਨ ਦਾ ਝੱਲ ਜਿਹਾ ਕਰਕੇ ਦੇਖਿਆ। ਸਾਡੇ ਕੋਲੋ ਘਰ ਪਾਣੀ ਵਰਤਣ ਵਾਲਾ ਇੱਕੋ ਖੂਹ ਸੀ। ਅਸੀਂ ਪੰਜਾਬ ਵਾਂਗ ਬੋਰ ਕਰਕੇ ਪਾਣੀ ਦੀਆਂ ਲਹਿਰਾਂ-ਬਹਿਰਾਂ ਕਰਨ ਬਾਰੇ ਸੋਚਿਆ ਤਾਂ 'ਸਿਟੀ' ਵਾਲੇ ਕਹਿੰਦੇ ਕਿ ਤੁਹਾਡੇ ਕੋਲੇ 25 ਕੀਲੇ ਲੈਂਡ ਹੈ ਇਨੇ ਲੈਂਡ ਦੇ ਹਿਸਾਬ ਤੁਸੀਂ ਹਰੇਕ ਹਫਤੇ ਵਿਚ ਕੁਝ ਸੌ ਗੈਲਨ ਤੋਂ ਵੱਧ ਪਾਣੀ ਧਰਤੀ ਹੇਠੋਂ ਨਹੀ ਕੱਢ ਸਕਦੇ? ਮੈਂ ਜਦ ਪੁੱਛਿਆ ਕਿ ਤੁਸੀਂ ਕੋਈ ਮੀਟਰ ਲਾਓਂਗੇ ਤਾਂ ਉਹ ਕਹਿੰਦੇ ਅਸੀਂ ਪਾਇਪ ਹੀ ਉਨੇ ਇੰਚ ਭੇਜਣ ਦਿਆਂਗੇ ਹੇਠਾਂ ਕਿ ਤੁਸੀਂ 24 ਘੰਟੇ ਵੀ ਪਾਣੀ ਛੱਡੀ ਰੱਖੋ ਉਹ ਉਨ੍ਹਾਂ ਹੀ ਕੱਢੇਗਾ ਜਿੰਨਾ ਅਸੀਂ ਚਾਹੁੰਨੇ।

ਸਾਡੇ ਆਲੇ ਦੁਆਲੇ ਫਾਰਮਰਾਂ ਨੇ ਪਾਣੀ ਦੀਆਂ ਡਿੱਚਾਂ ਯਾਣੀ ਟੋਏ ਪੁੱਟੇ ਹੋਏ ਨੇ ਜਦ ਮੀਂਹ ਪੈਂਦਾ ਉਹ ਭਰ ਜਾਂਦੇ ਤੇ ਜੇ ਲੋੜ ਪਵੇ ਤਾਂ ਉਹ ਉਨ੍ਹਾਂ ਵਿਚ ਪੰਪ ਸੁੱਟ ਕੇ ਪਾਣੀ ਕੱਢ ਲੈਂਦੇ ਹਨ ਉਨਾਂ ਨੂੰ ਧਰਤੀ ਹੇਠਾਂ ਜਾਣ ਦੀ ਲੋੜ ਹੀ ਨਹੀ ਪੈਂਦੀ! ਏਥੇ ਕਿਸਾਨ ਹਾਲੇ ਤੱਕ ਕੁਦਰਤ ਉਪਰ ਨਿਰਭਰ ਹਨ।

ਪੰਜਾਬੋਂ ਆਏ ਇੱਕ ਮਿੱਤਰ ਨੂੰ ਮੈਂ ਪੁੱਛਿਆ ਕਿ ਪੰਜਾਬ ਵਾਲੇ ਕਿਉਂ ਨਹੀ ਮੀਂਹ ਦਾ ਪਾਣੀ ਇਕੱਠਾ ਕਰਨ ਲਈ ਡੂੰਗੇ ਟੋਏ ਪੁੱਟ ਲੈਂਦੇ। ਉਹ ਹੱਸ ਕੇ ਕਹਿੰਦਾ ਜਿਹੜੇ ਲੋਕ ਛੱਪੜ ਪੂਰ ਕੇ ਛੱਕ ਗਏ, ਵੱਟਾਂ ਤੱਕ ਛਾਂਗ ਮਾਰੀਆਂ, ਰਸਤੇ ਤੱਕ ਖਾਣ ਨੂੰ ਪੈ ਨਿਕਲੇ ਉਹ ਅਪਣੀ ਪੈਲੀ ਵਿਚ ਟੋਆ ਪੁੱਟਣ ਜੋਗੀ ਜਗ੍ਹਾ ਛੱਡ ਕੇ ਪਾਣੀ ਜਮ੍ਹਾਂ ਕਰਨ ਬਾਰੇ ਸੋਚਣਗੇ ਵੀ ਕਿਉਂ?

ਇਹੀ ਗੱਲ ਚਾਚੇ ਨੂੰ ਪੁੱਛੀ। ਉਹ ਕਹਿੰਦਾ ਕਿਹੜੀਆਂ ਡਿੱਚਾਂ ਵਿੱਚਾਂ ਤੇ ਕਿਹੜੇ ਟੋਏ। ਸਾਡੀ ਛੇ ਇੰਚ ਮੂੰਹ ਵਾਲੀ ਬੰਬੀ ਸਾਰੀ ਰਾਤ ਚਲਦੀ ਰਹੇ ਤਾਂ ਝੋਨੇ ਵਾਲਾ ਇੱਕ ਕੀਲਾ ਮਸੀਂ ਨੀ ਭਰਦੀ ਤੇਰੀਆਂ ਡਿੱਚਾਂ ਤਾਂ ਅਸੀਂ ਘੰਟੇ ਵਿਚ ਖਾਲੀ ਕਰ ਦਈਏ? ਚਾਚੇ ਹੋਰ ਹੈਰਾਨ ਕਰਨ ਵਾਲੀ ਗੱਲ ਦੱਸੀ। ਉਹ ਕਹਿੰਦਾ ਜੱਟ ਤਾਂ ਚਲੋ ਜਿਹੜੀ ਬਰਬਾਦੀ ਕਰਦੇ ਹੀ ਕਰਦੇ ਪਾਣੀ ਦੀ ਪਰ ਫੈਕਟਰੀਆਂ ਵਾਲੇ? ਸਾਡੇ ਪਿੰਡ ਗੱਤੇ ਦੀ ਮਿੱਲ ਉਸ ਦੇ ਪਾਣੀ ਕੱਢਣ ਵਾਲੀਆਂ ਮੋਟਰਾਂ 100-100 ਹਾਸਪਾਵਰ? ਜਦ ਕਿ ਕਿਸਾਨ ਕੋਲੇ ਵੱਧ ਤੋਂ ਵੱਧ 10 ਜਾਂ 15? 100-100 ਦੀਆਂ ਮੋਟਰਾਂ ਹੇਠੋਂ ਪਾਣੀ ਨਹੀ ਖੂਹ ਹੀ ਖਿੱਚੀ ਆਉਂਦੀਆਂ!

'ਸ਼ਡਿਊਲ ਕਾਸਟ' ਦੇ ਨਾਂ ਹੇਠ ਜਿੰਨਾ ਲੋਕਾਂ ਨੂੰ ਘਰਾਂ ਦੀ ਬਿਜਲੀ ਵੀ ਮੁਫਤਾ ਆ ਰਹੀ ਉਨ੍ਹੀ ਕਦੇ ਘਰੇ ਪਾਣੀ ਲਈ ਲਾਈ ਮੋਟਰ ਬੰਦ ਹੀ ਨਹੀ ਕੀਤੀ? ਟੈਂਕੀ ਦਾ ਪਾਣੀ ਰੋਜਾਨਾ ਉਨ੍ਹਾਂ ਨੂੰ ਪੰਜ ਘੰਟੇ ਮਿਲਦਾ ਤੁਸੀਂ ਹੈਰਾਨ ਹੋਵੋਂਗੇ ਕਿ ਬਹੁਤੇ ਘਰਾਂ ਨੇ ਖੁਲ੍ਹੀਆਂ ਛੱਡੀਆਂ ਪਾਈਪਾਂ ਅੱਗੇ ਟੂਟੀਆਂ ਹੀ ਨਹੀ ਲਾਈਆਂ? ਪਾਣੀ ਆਉਂਦਾ ਹੈ, ਚਲਦਾ ਰਹਿੰਦਾ ਹੈ ਅਤੇ ਅਪਣੇ ਸਮੇ ਨਾਲ ਬੇਸ਼ਰਮਾਂ ਜਿਹਾਂ ਵਾਂਗ ਆਪੇ ਹੀ ਬੰਦ ਹੋ ਜਾਂਦਾ ਹੈ! ਬਹੁਤੀਆਂ ਮਾਈਆਂ ਕੱਪੜੇ ਨੂੰ ਸਾਬਣ ਲਾ ਕੇ ਉਪਰੋਂ ਟੂਟੀ ਖੁਲ੍ਹੀ ਕਿ ਆਪੇ ਪਾਣੀ ਹੀ ਸਾਬਣ ਕੱਢੂ!

ਛੱਪੜ ਪਿੰਡ ਦਾ ਫਾਲਤੂ ਪਾਣੀ ਹੀ ਨਹੀ ਸੀ ਸਾਂਭਦਾ ਬਲਕਿ ਜਮ੍ਹਾਂ ਹੋਇਆ ਪਾਣੀ ਹੇਠਾਂ ਜਾ ਕੇ ਬਾਕੀ ਦੇ ਪਾਣੀ ਨੂੰ ਵੀ ਸਥਿਰ ਰੱਖਦਾ ਸੀ। ਪਰ ਛੱਪੜਾਂ ਵਿਚ ਮੁਫਤੀ ਜਮੀਨ ਉਪਰ ਹਵੇਲੀਆਂ ਪਾਉਂਣ ਦੇ ਝੱਲ ਨੇ ਪੰਜਾਬ ਨੂੰ ਇੱਕ ਕਦਮ ਹੋਰ ਤਬਾਹੀ ਵੰਨੀ ਤੋਰ ਦਿੱਤਾ ਹੋਇਆ ਹੈ।

ਇੱਕ ਕਿੱਲੋ ਝੋਨਾ ਕਹਿੰਦੇ 4000 ਹਜਾਰ ਲੀਟਰ ਪਾਣੀ ਪੀਂਦਾ ਤੇ ਇੱਕ ਸਫੈਦਾ 250 ਲੀਟਰ ਰੋਜਾਨਾ? ਦਰਿਆਵਾਂ ਦੇ ਪਾਣੀ ਨੂੰ ਜੇ ਸਰਕਾਰੀ ਡਾਕਾ ਪਿਆ ਤਾਂ ਹੇਠਲੇ ਪਾਣੀ ਨੂੰ ਅਸੀਂ ਖੁਦ ਵੀ ਤਾਂ ਲੁਟਿਆ। ਸਰਕਾਰਾਂ ਦੇ ਜੰਗਲੀ ਕੁੱਤੇ ਪੰਜਾਬ ਦੇ ਸ਼ਿਕਾਰ ਲਈ ਜੇ ਮਗਰ ਦੌੜ ਰਹੇ ਨੇ ਤਾਂ ਪੰਜਾਬ ਖੁਦ ਵੀ ਤਾਂ ਬਚਣ ਦਾ ਕੋਈ ਰਾਹ ਹੀ ਲੱਭ ਰਿਹਾ। ਚਾਚਾ ਕਹਿੰਦਾ ਤੁਸੀਂ ਬਾਹਰ ਵਾਲੇ ਵੀ ਗੱਲਾਂ ਹੀ ਕਰਦੇ ਹੋਂ ਨਹੀ ਤਾਂ ਕੁਝ ਰੋਲ ਤਾਂ ਤੁਸੀਂ ਵੀ ਕਰ ਸਕਦੇਂ! ਮੈਂ ਕਿਹਾ ਕੀ? ਉਹ ਕਹਿੰਦਾ ਤੁਸੀਂ ਜਮੀਨ ਠੇਕੇ ਹੀ ਉਸ ਨੂੰ ਦੇਵੋ ਕਿ ਜਿਹੜਾ ਝੋਨਾ ਨਾ ਲਾਵੇ ਤੇ ਉਸ ਕੋਲੋਂ ਠੇਕਾ ਹੀ ਅੱਧਾ ਲੈ ਲਵੋ! ਕੀ ਇਨਾਂ ਥੋੜਾ ਹੈ? ਹਜਾਰਾਂ ਏਕੜ ਜਮੀਨ ਵਿਚ ਝੋਨਾ ਲੱਗਣਾ ਬੰਦ ਹੋ ਜਾਏਗਾ? ਉਹ ਕਹਿੰਦਾ ਕੀ ਬਾਹਰ ਵਾਲੇ ਕਰਨਗੇ ਇਵੇਂ?-ਗੁਰਦੇਵ ਸਿੰਘ ਸੱਧੇਵਾਲੀਆ

# ਲਾਵਾ

ਚਿਰਾਂ ਦਾ ਉਬਲ ਰਿਹਾ ਸੀ ਲਾਵਾ ਅਤੇ ਇਹ ਇਕ ਦਿਨ ਫਟਣਾ ਹੀ ਸੀ ਕਿਓਕਿਂ ਪੰਜਾਬ ਦੀ ਮਿਟੀ ਦੀ ਤਸੀਰ ਵਿਚ ਅਗ ਹਾਲਾਂ ਬਾਕੀ ਹੈ, ਪੰਜਾਬ ਹਾਲਾਂ ਇਨਾ ਬੇਗੈਰਤ ਨਹੀ ਹੋਇਆ ਕਿ ਉਸ ਦੀ ਗੈਰਤ ਸੜਕਾਂ ਉਪਰ ਅਗ ਬਣਕੇ ਨਚਦੀ ਫਿਰੇ।ਔਰਤਾਂ ਬਣੇ ਬੰਦੀਆਂ ਯਾਣੀ ਟੈਪੂਆਂ ਤੋਂ ਲੈ ਕੇ ਕੰਚਨਾਂ ਤਕ ਨੇ ਕਾਫੀ ਕੱਚ ਖਲਾਰਿਆ ਪਿਆ ਸੀ ਪੰਜਾਬ ਦੇ ਪੈਰਾਂ ਹੇਠ ਅਤੇ ਲੋਕ ਚਿਰਾਂ ਦੇ ਇਨਾ ਦੇ ਮੂੰਹਾਂ ਵੰਨੀ ਦੇਖ ਰਹੇ ਸਨ। ਦਿਲ ਵਧੀ ਇਨੀ ਕਿ ਗੇਆਂ ਨੇ ਪਰੇਡਾਂ ਆਵਦੀਆਂ ਦਾ ਮੂੰਹ ਅੰਮ੍ਰਿਤਸਰ ਵੰਨੀ ਕਰ ਲਿਆ ਹੋਇਆ ਸੀ।ਲਕ ਟਵੰਟੀ ਏਟ ਤੋਂ ਲੈ ਕੇ ਸੜਕਾਂ ਤੇ ਤੁਰੀ ਜਾਂਦੀ ਅਗ ਤਕ ਲੋਕ ਬਰਦਾਸ਼ਤ ਕਰਦੇ ਆ ਰਹੇ ਸਨ ਪਰ ਮੰਡੀਰ ਵਾਧੇ ਨੇ ਕਿਸੇ ਦੀ ਸੁਣੀ ਹੀ ਨਹੀ ਪਰ ਹੁਣ ਸਿਨਮਾ 'ਸ਼ਹੀਦਾਂ' ਤਰਾਂ ਕੰਚਨਾ ਨੂੰ 'ਸ਼ਹੀਦ' ਕਹਿਣ ਤਕ ਜਾਣ ਵਾਲੇ ਅਗਾਂਹ ਵਧੂਆਂ ਨੂੰ ਅਬਲਾ ਨਾਰੀ ਵਰਗੇ ਫੁਰਨੇ ਫੁਰਨ ਲਗੇ ਨੇ।ਮੈਂ ਜਦ ਤੱਤਾ ਅਤੇ ਬੂਟਾ ਅਤੇ ਕਾਮਰੇਡਾਂ ਦੀ ਰਹਿੰਦ ਖੂੰਹਦ ਦੇ ਕੁਮੈਂਟ ਪੜੇ ਤਾਂ ਜਾਪਿਆ ਮਸਲਾ ਵਡਾ ਹੀ ਹੋਣਾ ਨਹੀ ਤਾਂ ਇਨੇ ਵਡੇ 'ਸਕਾਲਰਾਂ' ਨੂੰ ਮੈਦਾਨ ਵਿਚ ਉਤਰਨ ਦੀ ਲੋੜ ਨਾ ਸੀ ਤਾਂ ਕੰਚਨ ਕੁਮਾਰੀ ਫਰੋਲਣੀ ਸ਼ੁਰੂ ਕੀਤੀ ਤਾਂ ਗੂਗਲ ਹੁਰਾਂ ਸਾਰੀਆਂ ਕੰਚਨੀਆਂ ਲਿਆ ਢੇਰੀ ਕੀਤੀਆਂ। ਮੰਤਰ ਸਿਧ ਕਰਨ ਤਰਾਂ ਮੈਂ ਚਾਹੁੰਨਾ ਬਾਂਦਰ ਦਾ ਧਿਆਨ ਨਾ ਆਵੇ ਪਰ ਮੇਰੇ ਫੋਨ ਵਿਚ ਹੁਣ ਬਾਂਦਰ ਹੀ ਬਾਂਦਰ। ਬਾਂਦਰਾਂ ਦਾ ਇਨਾ ਝੁਰਮਟ ਦੇਖ ਕੇ ਜਾਪਿਆ ਕਿ ਇਹ ਲਾਵਾ ਤਾਂ ਫਟਣਾ ਹੀ ਸੀ।ਔਰਤ ਅਬਲਾ ਓਨਾ ਚਿਰ ਜਿੰਨਾ ਚਿਰ ਓਹ ਅਪਣੀ ਵਾੜ ਨਹੀ ਟਪਦੀ। ਮਾਸੂਮ ਫੁਲਾਂ ਵਰਗੇ ਨਿਆਣਿਆਂ ਦੀ ਮਾਨਸਿਕਤਾ ਝਰੀਟ ਛਡੀ ਇਸ ਕੰਜਰਖਾਨੇ ਨੇ ਜਿਹੜੇ ਜੰਮਦੇ ਇਨਾ ਨੂੰ ਰੋਲ ਮਾਡਲ ਸਮਝਣ ਲਗ ਗਏ ਨੇ ਤਾਂ ਅਗੇ ਜਾ ਕੇ ਦਿਸ਼ਾ ਅਤੇ ਦਸ਼ਾ ਕੀ ਹੋਵੇਗੀ ਪੰਜਾਬ ਦੀ।ਇਕ ਨਸਲ ਮੇਰੀ ਗੋਲੀਆਂ ਨਾਲ ਭੁੰਨ ਸੁਟੀ ਦੂਜੀ ਚਿਟੇ ਚਟਣ ਲਾ ਕੇ ਮਾਰ ਘਤੀ ਤੇ ਤੀਜੀ ਫਸਲ ਹੁਣ ਟੈਪੂੰਆਂ ਅਤੇ ਕੰਚਨੀਆਂ ਦੀ ਬੀਜੀ ਜਾ ਰਹੀ ਐ ਅਤੇ ਮਿਥ ਕੇ ਬੀਜੀ ਜਾ ਰਹੀ ਹੈ ਤਾਂ ਕਿ ਇਨਾ ਨੂੰ ਜੰਮਣ ਵਾਲੀਆਂ ਸ਼ਰਮ ਨਾਲ ਹੀ ਮਰ ਜਾਣ।ਕਿਸੇ ਦਾ ਪਿਓ ਬੀਮਾਰ ਤਾਂ ਕਪੜੇ ਲਾਹ ਦਿਓ, ਕਿਸ ਦੇ ਘਰ ਦੇ ਹਾਲਾਤ ਖਰਾਬ ਤਾਂ ਨੰਗੇ ਹੋ ਜਾਓ, ਕਿਸੇ ਘਰ ਆਟੇ ਦਾ ਗਟਾ ਹੈ ਨਹੀ ਤਾਂ ਗੰਦ ਪਾਓ ਕਿਸੇ ਦੀ ਮਝ ਮਰਗੀ ਕਿਸੇ ਦਾ ਕਟਾ ਇਹ ਹੋ ਕੀ ਰਿਹਾ। ਨੰਗੇ ਹੋ ਕੇ ਬੇਸ਼ਰਮ ਹੋਣ ਦੇ ਕੀ ਲਾਜਿਕ ਨੇ ਇਹ।ਕੋਠੇ ਉਪਰ ਬੈਠੀ ਔਰਤ ਵੀ ਮਜਬੂਰ ਹੈ ਪਰ 'ਜਸਟੀਫਾਈ' ਕਿਵੇਂ ਕਰੋਂਗੇ ਇਸ ਸਭ ਨੂੰ।ਉਲਟਾ ਕਾਮਰੇਡ ਸਾਨੂੰ ਤਾਲਿਬਾਨ ਕਹੀ ਜਾ ਰਹੇ ਨੇ। ਨਫਰਤ ਅਤੇ ਈਰਖਾ ਵਿਚ ਇਨਾ ਅੰਨਿਆਂ ਹੋਣਾ ਵਾਜਬ ਨਹੀ ਕਿ ਸੜਕਾਂ ਤੇ ਕੂੜਾ ਖਲਾਰਨ ਵਾਲੇ ਨੂੰ ਵੀ ਤੁਸੀਂ ਜਸਟੀਫਾਈ ਕਰਨ ਲਗ ਜਾਓਂ। ਅਜਿਹਾ ਇਨਕਲਾਬ ਦੇਣਾ ਤੁਸੀਂ ਲੋਕਾਂ ਨੂੰ?ਲੰਡਰ ਗਾਇਕਾਂ ਤੋਂ ਸ਼ੁਰੂ ਹੋਇਆ ਇਹ ਕਾਲਾ ਦੌਰ ਕੌਮ ਮੇਰੀ ਦੀਆਂ ਦੋ ਨਸਲਾਂ ਤਾਂ ਇਹੀ ਖਾ ਚਲਿਆ।ਕਨੂੰਨ ਦੀ ਸੁਣ ਲਓ ਛੇ ਬਾਡੀਗਾਰਡ ਲੁਥਰਾ ਨੂੰ ਕਿ ਬੀਬਾ ਰਜ ਕੇ ਕੜੀ ਘੋਲ ਤੇਰੀ ਵਾਅ ਵਲ ਨਹੀ ਵੇਖੂ ਕੋਈ ਯਾਣੀ ਅਗ ਬਣਕੇ ਸੜਕਾਂ ਤੇ ਮਚ। ਮੈਨੂੰ ਤਾਂ ਖਦਸ਼ਾ ਬਾਕੀ ਸਭ ਕੰਮ ਸਮੇਟ ਸਰਕਾਰਾਂ ਕੋਠਿਆਂ ਦੀ ਰਾਖੀ ਜੋਗੀਆਂ ਨਾ ਰਹਿ ਜਾਣ।

ਕੋਈ ਗਲਤ ਵਲਤ ਨਹੀ ਹੋਇਆ ਕੰਡੇ ਬੀ ਕੇ ਦਾਖਾਂ ਨਹੀ ਉਗਣੀਆਂ ਅਤੇ ਇਹ ਪਹਿਲਾਂ ਹੋ ਜਾਣਾ ਚਾਹੀਦਾ ਸੀ। ਗੈਰਤਵੰਦ ਪੰਜਾਬ ਨੇ ਫਿਰ ਦਸਿਆ ਕਿ ਲੋਹੇ ਦੇ ਚਣੇ ਨੇ ਸੋਚ ਕੇ ਫਕਾ ਮਾਰਿਓ ਜਰਾ।

**-ਗੁਰਦੇਵ ਸਿੰਘ ਸੱਧੇਵਾਲੀਆ**






# ਹਰਜਿੰਦਰ ਸਿੰਘ ਸੰਧਾਵਾਲੀਆ ਸਨਮਾਨਿਤ




ਸਿਆਟਲ:-ਹਾਲ ਹੀ ਵਿੱਚ ਲਿਨਵੁੱਡ ਸਿਟੀ ਕੌਂਸਲ ਅਤੇ ਮੇਅਰ ਕ੍ਰਿਸਟੀਨ ਫ੍ਰਿਜ਼ਲ ਨੇ ਸਿਟੀ ਹਾਲ ਵਿਖੇ ਇੱਕ ਘੋਸ਼ਣਾ ਦਿਵਸ ਸਮਾਗਮ ਦਾ ਆਯੋਜਨ ਕੀਤਾ। ਇਹ ਘੋਸ਼ਣਾ ਦਿਵਸ ਹਰ ਸਾਲ ਰਾਸ਼ਟਰੀ ਅਤੇ ਰਾਜ ਪੱਧਰ 'ਤੇ ਮਨਾਇਆ ਜਾਂਦਾ ਹੈ।ਮੇਅਰ ਕ੍ਰਿਸਟੀਨ ਨੇ ਕਮਿਊਨਿਟੀ ਧਰਮ ਆਗੂਆਂ ਨੂੰ ਸੱਦਾ ਦਿੱਤਾ ਅਤੇ ਉਨ੍ਹਾਂ ਨੂੰ ਦਸਤਖਤ ਕੀਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ। ਹਰਜਿੰਦਰ ਸਿੰਘ ਸੰਧਾਵਾਲੀਆ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਸਨ ਜਿਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।ਲਿਨਵੁੱਡ ਸਿਟੀ ਅਗਲੇ ਸਾਲ ਆਪਣੇ ਸਿਟੀ ਹਾਲ ਵਿਖੇ ਵਿਸਾਖੀ ਮਨਾਉਣ ਲਈ ਭਾਈਚਾਰੇ ਦਾ ਸਵਾਗਤ ਕਰਦਾ ਹੈ।

## ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ:) ਦੀ ਚੋਣ ਮੁਕੰਮਲ, ਨਵਾਂ ਪ੍ਰਬੰਧਕੀ ਬੋਰਡ ਕਾਰਜਸ਼ੀਲ

ਸਿਆਟਲ:-ਪਿਛਲੇ ਦਿਨੀਂ ਸ਼ਨਿਚਰਵਾਰ ਮਿਤੀ 21 ਜੂਨ 2025 ਨੂੰ ਰੰਧਾਵਾ ਫਾਊਂਡੇਸ਼ਨ ਵਿਖੇ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ:) ਦੀ ਇਕੱਤਰਤਾ ਹੋਈ ਜਿਸ ਵਿੱਚ ਬਹੁਮੱਤ ਨਾਲ ਸਭਾ ਦਾ ਪ੍ਰਬੰਧ ਚਲਾਉਣ ਲਈ ਛੇ ਮੈਂਬਰੀ ਪ੍ਰਬੰਧਕੀ ਬੋਰਡ ਬਣਾਉਣ ਦਾ ਪ੍ਰਸਤਾਵ ਪਾਸ ਹੋਇਆ।

ਇਸ ਪ੍ਰਸਤਾਵ ਵਿਚ ਸੁਚੱਜਾ ਪ੍ਰਬੰਧਕੀ ਬੋਰਡ ਬਣਾ ਕੇ ਨਿੱਗਰ ਉਸਾਰੂ ਸਾਹਿਤਕ ਪ੍ਰੋਗਰਾਮ ਉਲੀਕੇ ਜਾਣਗੇ ਅਤੇ ਸਾਹਿਤਕ ਕਿਰਤਾਂ ਨੂੰ ਬੜਾਵਾ ਦੇਣ ਦਾ ਉਪਰਾਲਾ ਕੀਤਾ ਜਾਵੇਗਾ।

ਇਸ ਪ੍ਰਬੰਧਕੀ ਬੋਰਡ ਵਿੱਚ ਹਰਦਿਆਲ ਸਿੰਘ ਚੀਮਾ, ਅਵਤਾਰ ਸਿੰਘ ਆਦਮਪੁਰੀ, ਹਰਪਾਲ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਸੋਹਲ, ਮੰਗਤ ਰਾਏ ਕੁਲਜਿੰਦ, ਸਾਧੂ ਸਿੰਘ ਝੱਜ ਨੂੰ ਚੁਣਿਆ ਗਿਆ। ਆਉਣ ਵਾਲੇ ਸਮੇਂ ਵਿੱਚ ਇਹ ਪ੍ਰਬੰਧਕੀ ਬੋਰਡ ਵਿਚਾਰ ਵਟਾਂਦਰਾ ਕਰ ਕੇ ਫੈਸਲੇ ਲਵੇਗਾ। ਇਸ ਸਮੇਂ ਚੋਣ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਸਭਾ ਦੇ ਮੌਜੂਦਾ ਪ੍ਰਧਾਨ ਬਲਿਹਾਰ ਲੇਹਲ, ਮੀਤ ਪ੍ਰਧਾਨ ਡਾ.ਸੁਖਵੀਰ ਬੀਹਲਾ, ਸਭਾ ਦੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ, ਖ਼ਜ਼ਾਨਚੀ




ਹਰਪਾਲ ਸਿੰਘ ਸਿੱਧੂ, ਸਾਬਕਾ ਪ੍ਰਧਾਨ ਮਨਜੀਤ ਕੌਰ ਗਿੱਲ, ਕਰਨੈਲ ਸਿੰਘ ਕੈਲ, ਮਲਕੀਤ ਕੌਰ, ਸ਼ਤੀਸ਼ ਗੁਲਾਟੀ, ਲਾਲੀ ਸੰਧੂ, ਗੁਰਪ੍ਰੀਤ ਸਿੰਘ ਸੋਹਲ, ਅਵਤਾਰ ਸਿੰਘ ਆਦਮਪੁਰੀ, ਯਸ਼ ਸਾਥੀ, ਈਸ਼ਰ ਸਿੰਘ ਗਰਚਾ, ਅਮਰਜੀਤ ਸਿੰਘ ਤਰਸਿੱਕਾ ਅਤੇ ਡਾ. ਕਾਲਾ ਸਿੰਘ ਹਾਜ਼ਰ ਹੋਏ ਅਤੇ ਤਕਰੀਬਨ ਬਾਕੀ ਸਾਰੇ ਗੈਰਹਾਜ਼ਰ ਸਰਪ੍ਰਸਤਾਂ ਤੇ ਲੇਖਕਾਂ ਨੇ ਲਿਖਤੀ ਰੂਪ ਵਿੱਚ, ਫੋਨ ਰਾਹੀਂ ਜ਼ੁਬਾਨੀ ਸਹਿਮਤੀ ਦੇ ਕੇ ਬੋਰਡ ਬਣਾਉਣ ਦੇ ਪੈਨਲ ਨੂੰ ਪ੍ਰਵਾਨਗੀ ਦੇ ਦਿੱਤੀ ਸੀ।

ਇਸ ਮੌਕੇ ਇਹ ਵੀ ਸਹਿਮਤੀ ਹੋਈ ਕਿ ਇਹ ਪ੍ਰਬੰਧਕੀ ਬੋਰਡ ਦੋ ਸਾਲਾਂ ਲਈ ਕਾਰਜਸ਼ੀਲ ਰਹੇਗਾ ਅਤੇ ਸਭਾ ਦੇ ਸਾਰੇ ਲੇਖਕਾਂ ਦੀ ਸਹਿਮਤੀ ਨਾਲ਼ ਪੰਜਾਬੀ ਲਿਖ਼ਾਰੀ ਸਭਾ ਸਿਆਟਲ ਰਜਿ: ਦਾ ਸੰਵਿਧਾਨ ਲਿਖ਼ ਕੇ ਰਜਿਸਟਰ ਕਰਵਾਇਆ ਜਾਵੇਗਾ।


## 2 ਸਟੋਰੀ ਘਰ ਕਿਰਾਏ ਲਈ ਖਾਲੀ

2 ਪਰਿਵਾਰਾਂ ਦੇ ਰਹਿਣ ਲਈ ਬਿਲਕੁਲ ਉਚਿਤ
ਉੱਪਰਲੀ ਫਲੋਰ ਵਿੱਚ: 3 ਬੈਡਰੂਮ, 2 ਬਾਥਰੂਮ, ਇੱਕ ਪੂਰੀ ਰਸੋਈ ਅਤੇ ਵੱਡਾ ਲਿਵਿੰਗ ਰੂਮ ।
ਹੇਠਲੀ ਫਲੋਰ ਵਿੱਚ: 3 ਬੈਡਰੂਮ, ਇੱਕ ਫੁੱਲ ਬਾਥਰੂਮ , ਇੱਕ ਛੋਟੀ ਰਸੋਈ ਅਤੇ ਪੂਰਾ ਲਿਵਿੰਗ ਰੂਮ ਹੈ ।
ਪਾਰਕਿੰਗ ਦੀ ਸਹੂਲਤ: 2 ਕਾਰ ਗਰਾਜ, 6 ਕਾਰਾਂ ਦੀ ਪਾਰਕਿੰਗ ਘਰ ਦੇ ਚੁਫੇਰੇ, ਕੁਝ ਪਾਰਕਿੰਗ ਸਟਰੀਟ ਤੇ ਵੀ ਉਪਲਬਧ ਹੈ।
ਸੁਵਿਧਾਜਨਕ ਸਥਿਤੀ: ਏਅਰਪੋਰਟ ਤੋਂ ਸਿਰਫ ਪੰਜ ਮਿੰਟ ਦੀ ਦੂਰੀ, ਬੱਸ ਅਤੇ ਟਰੇਨ ਸਟੇਸ਼ਨ walking distance ਤੇ
ਹੋਰ ਜਾਣਕਾਰੀ ਲਈ ਸੰਪਰਕ ਕਰੋ:206 271 3574



# Trusted Name in Real Estate

## ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com

Windermere REAL ESTATE
801 State Ave,
Marrysville, Wa 98270

HOUSE FOR SALE
12728 SE 287TH Place, Auburn, WA 98092





